ਇੰਡੀਆ ਫਾਊਂਡੇਸ਼ਨ ਫਾਰ ਦਿ ਆਰਟਸ (ਆਈ.ਐਫ.ਏ.) ਦੇ

ਕਲਾ ਸਿੱਖਿਆ (ਆਰਟਸ ਐਜੂਕੈਸ਼ਨ) ਪ੍ਰੋਗਰਾਮ ਤਹਿਤ

ਕਲਾ ਸੰਮਿਲਤ (ਆਰਟਸ-ਇੰਟੈਗਰੇਟਡ) ਪ੍ਰੋਜੈਕਟਸ

ਲਈ

ਭਾਰਤ ਵਿਚ ਸਰਕਾਰੀ ਸਹਾਇਤਾ ਪ੍ਰਾਪਤ (ਗੌਵਰਨਮੈਂਟ ਏਡਡ) ਅਤੇ ਗ਼ੈਰ-ਮੁਨਾਫ਼ਾ (ਨਾਨ-ਪਰੌਫਿਟ) ਸਕੂਲਾਂ ਤੋਂ

ਪ੍ਰਸਤਾਵ ਅਰਜੀਆਂ ਦਾ ਸੱਦਾ

ਆਖਰੀ ਤਰੀਕ: ਨਵੰਬਰ 30, 2026

ਇੰਡੀਆ ਫਾਉਂਡੇਸ਼ਨ ਫਾਰ ਦਿ ਆਰਟਸ (ਆਈ.ਐੱਫ.ਏ.) ਸਾਰੇ ਭਾਰਤ ਦੇ ਗ਼ੈਰ-ਮਹਾਂਨਗਰੀ ਇਲਾਕਿਆਂ ਵਿਚ ਸਥਿਤ ਸਰਕਾਰੀ ਸਹਾਇਤਾ ਪ੍ਰਾਪਤ (ਗੌਵਰਨਮੈਂਟ ਏਡਡ) ਅਤੇ ਗ਼ੈਰ-ਮੁਨਾਫ਼ਾ (ਨਾਨ-ਪਰੌਫਿਟ) ਸਕੂਲਾਂ ਵਿਚ ਕਲਾ ਸਿੱਖਿਆ ਰਾਹੀਂ ਸਿੱਖਣ ਅਤੇ ਸਿਖਾਉਣ ਨੂੰ ਮਜ਼ਬੂਤ ਕਰਨ ਲਈ ਆਰਟਸ-ਇੰਟੈਗਰੇਟਡ ਪ੍ਰੋਜੈਕਟ ਲਾਗੂ ਕਰਨਾ ਚਾਹੁੰਦੀ ਹੈ।

ਕਲਾ ਸਿੱਖਿਆ ਪ੍ਰੋਗਰਾਮ ਕਲੀ-ਕਲੀਸੂ (ਕੰਨੜ ਵਿਚ 'ਸਿੱਖਣਾ' ਅਤੇ 'ਸਿਖਾਉਣਾ') ਦਾ ਟੀਚਾ ਪਾਠਕ੍ਰਮ ਅਧਾਰਿਤ ਸਿੱਖਿਆ ਵਿਧੀਆਂ ਵਿਚ ਵੱਖੋ ਵੱਖਰੇ ਕਲਾ ਰੂਪਾਂ ਦੀ ਵਰਤੋਂ ਕਰਕੇ ਸਕੂਲੀ ਸਿੱਖਿਆ ਨੂੰ ਵਧੇਰੇ ਦਿਲਖਿੱਚਵਾਂ ਅਤੇ ਅਨੰਦਮਈ ਅਨੁਭਵ ਬਨਾਉਣਾ ਹੈ।

ਇਸ ਵਿਚਾਰ ਨੂੰ ਮੁੱਖ ਰਖਦੇ ਹੋਏ, ਆਈ. ਐੱਫ. ਏ. ਸਰਕਾਰੀ ਸਹਾਇਤਾ ਪ੍ਰਾਪਤ (ਗੌਵਰਨਮੈਂਟ ਏਡਡ) ਅਤੇ ਗ਼ੈਰ-ਮੁਨਾਫ਼ਾ (ਨਾਨ-ਪਰੌਫਿਟ) ਸਕੂਲਾਂ ਤੋਂ ਪ੍ਰਸਤਾਵ ਅਰਜ਼ੀਆਂ ਦੀ ਮੰਗ ਕਰਦਾ ਹੈ ਜਿਹੜੇ ਕਲਾ ਸੰਮਿਲਤ (ਆਰਟਸ-ਇੰਟੈਗਰੇਟਡ) ਸਿੱਖਿਆ ਵਿਧੀਆਂ ਦੀ ਮਜ਼ਬੂਤ ਬੁਨਿਆਦ ਬਨਾਉਣ ਅਤੇ ਵਿਦਿਆਰਥੀਆਂ ਵਿਚ ਜਗਿਆਸਾ ਅਤੇ ਸਿਰਜਣਾ ਨੂੰ ਵਧਾਉਣ ਦਾ ਟੀਚਾ ਰਖਦੇ ਹੋਣ।

ਸਾਡੇ ਪਿਛਲੇ ਸਾਲਾਂ ਦੇ ਪ੍ਰੋਜੈਕਟਾਂ ਬਾਰੇ ਜਾਨਣ ਲਈ ਇੱਥੇ ਕਲਿਕ ਕਰੋ।

ਪ੍ਰੋਜੈਕਟਾਂ ਦਾ ਘੇਰਾ:

ਇਹ ਪ੍ਰੋਜੈਕਟ ਹੇਠ ਲਿਖਿਆਂ ਵਿੱਚੋਂ ਇੱਕ ਜਾਂ ਵੱਧ ਟੀਚਿਆਂ ਦੇ ਸਨਮੁੱਖ ਹੋ ਸਕਦੇ ਹਨ:

- ਇਲਾਕਾਈ ਕਲਾ ਰੂਪਾਂ ਅਤੇ ਸੱਭਿਆਚਾਰਕ ਕਿਰਿਆਵਾਂ ਨੂੰ ਸਕੂਲੀ ਸਿੱਖਿਆ ਅਤੇ ਪੜ੍ਹਾਈ ਨਾਲ਼ ਜੋੜਨਾ
- ਕਲਾ ਨੂੰ ਸਾਰੇ ਵਿਸ਼ਿਆਂ ਦੇ ਸਿੱਖਣ ਸਿਖਾਉਣ ਦੀਆਂ ਕਿਰਿਆਵਾਂ ਵਿਚ ਜੋੜਨਾ
- ਸਕੂਲੀ ਸਿੱਖਿਆ ਵਿਚ ਵਿਦਿਆਰਥੀਆਂ ਦੇ ਹੱਡੀਂ ਹੰਢਾਏ ਤਜਰਬਿਆਂ ਨੂੰ ਜੋੜਨਾ
- ਇਲਾਕਾਈ ਕਲਾਕਾਰਾਂ ਅਤੇ ਭਾਈਚਾਰੇ ਦੀ ਸਹਾਇਤਾ ਨਾਲ਼ ਕੰਮ ਕਰਨਾ

ਪ੍ਰੋਜੈਕਟ ਦੀ ਮਿਆਦ: ਘੱਟ ਤੋਂ ਘੱਟ **ਇਕ ਸਾਲ** ਵੱਧ ਤੋਂ ਵੱਧ **ਇਕ ਸਾਲ ਅਤੇ ਛੇ ਮਹੀਨੇ**

ਬਜਟ: ਵੱਧ ਤੋ ਵੱਧ **4,00,000/-** (ਚਾਰ ਲੱਖ ਰੁਪਏ)

ਅਰਜ਼ੀ ਕੌਣ ਭੇਜ ਸਕਦਾ ਹੈ?

ਗ਼ੈਰ-ਮਹਾਂਨਗਰੀ ਇਲਾਕਿਆਂ ਵਿਚ ਸਥਿਤ ਸਰਕਾਰੀ ਸਹਾਇਤਾ ਪ੍ਰਾਪਤ (ਗੌਵਰਨਮੈਂਟ ਏਡਡ) ਅਤੇ ਗ਼ੈਰ-ਮੁਨਾਫ਼ਾ (ਨਾਨ-ਪਰੌਫਿਟ) ਸਕੂਲ। ਅਦਾਰਾ ਖੇਤਰੀ ਭਾਸ਼ਾਵਾਂ ਵਿਚ ਕੰਮ ਕਰਦਾ ਹੋਵੇ ਅਤੇ ਇਹ ਵਿਸ਼ਵਾਸ਼ ਕਰਦਾ ਹੋਵੇ ਕਿ ਕਲਾ ਅਤੇ ਸੱਭਿਆਚਾਰ ਸਿੱਖਣ ਅਤੇ ਸਿਖਾਉਣ ਲਈ ਜ਼ਰੂਰੀ ਹਨ।

ਯੋਗਤਾ:

- ਸਕੂਲ ਅਜਿਹੇ ਅਦਾਰੇ ਦੀ ਮਲਕੀਅਤ ਹੋਵੇ/ਵੱਲੋਂ ਚਲਾਇਆ ਜਾਂਦਾ ਹੋਵੇ ਜਿਹੜਾ ਦਿ ਸੋਸਾਇਟੀਜ ਰਿਜਸਟ੍ਰੇਸ਼ਨ ਐਕਟ **1860 /** ਦਿ ਇੰਡੀਅਨ ਟ੍ਰਸਟ ਐਕਟ **1882** ਦੇ ਤਹਿਤ ਰਜਿਸਟਰ ਕੀਤਾ ਹੋਵੇ।
- ਇਹ ਘੱਟੋ ਘੱਟ ਤਿੰਨ ਸਾਲ ਤੋਂ ਹੋਂਦ ਵਿਚ ਹੋਵੇ।
- ਇਸਦੇ ਘੱਟੋ ਘੱਟ ਪਿਛਲੇ ਦੋ ਸਾਲਾਂ ਦੇ ਖਾਤਿਆਂ ਦੀ ਆਡਿਟ ਕੀਤੀ ਸਟੇਟਮੈਂਟ ਹੋਵੇ।
- ਇਸਦਾ ਯੋਗ ਪਰਮਾਨੈਂਟ ਅਕਾਉਂਟ ਨੰਬਰ ਹੋਵੇ।

ਪ੍ਰਸਤਾਵ ਅਰਜ਼ੀ ਜਮਾਂ ਕਰਵਾਉਣ ਦੇ ਨਿਯਮ:

ਪ੍ਰਸਤਾਵ ਅੰਗਰੇਜ਼ੀ ਸਮੇਤ ਕਿਸੇ ਵੀ ਭਾਰਤੀ ਭਾਸ਼ਾ ਵਿਚ ਲਿਖਿਆ ਜਾ ਸਕਦਾ ਹੈ। ਆਈ.ਐਫ.ਏ. ਅੰਗਰੇਜ਼ੀ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਦੇ ਪ੍ਰੋਜੈਕਟਾਂ ਦੀ ਖਾਸ ਤੌਰ ਤੇ ਹੌਸਲਾ ਅਫ਼ਜ਼ਾਈ ਕਰਦਾ ਹੈ।

ਤੁਹਾਡੇ ਪ੍ਰਸਤਾਵ ਵਿਚ ਇਹ ਹੋਣਾ ਚਾਹੀਦਾ ਹੈ**:**

- ਪ੍ਰੋਜੈਕਟ ਦਾ ਸਿਰਲੇਖ
- ਸਕੂਲ ਦਾ ਮਿਸ਼ਨ/ਵਿਜ਼ਨ/ਓਵਰਵਿਊ
- ਵਿਦਿਆਰਥੀਆਂ ਦਾ ਸਮਾਜਿਕ-ਸੱਭਿਆਚਾਰਕ ਪਿਛੋਕੜ
- ਪ੍ਰਸਤਾਵਿਤ ਪ੍ਰੋਜੈਕਟ ਦੇ ਮਨੋਰਥ
- ਤਰੀਕਾਕਾਰੀ ਅਤੇ ਕਾਰਜ ਯੋਜਨਾ ਦਾ ਵੇਰਵਾ
- ਪ੍ਰੋਜੈਕਟ ਦਾ ਹਿੱਸਾ ਬਣਨ ਵਾਲ਼ੇ ਵਿਅਕਤੀਆਂ ਦਾ ਵੇਰਵਾ
- ਪ੍ਰੋਜੈਕਟ ਦੇ ਮੁਲਾਂਕਣ ਦਾ ਤਰੀਕਾ
- ਪ੍ਰੋਜੈਕਟ ਤੋਂ ਉਮੀਦ ਕੀਤੇ ਨਤੀਜੇ
- ਬਜਟ ਦਾ ਵੇਰਵਾ

ਸਹਾਇਕ ਦਸਤਵੇਜਾਂ ਵਿਚ ਇਹ ਹੋਣਾ ਚਾਹੀਦਾ ਹੈ**:**

- ਟਰਸਟ ਡੀਡ/ ਮੈਮੋਰੰਡਮ ਆਫ ਐਸੋਸ਼ੀਏਸ਼ਨ ਦੀ ਨਕਲ
- ਮੌਜੂਦਾ ਟਰੱਸਟੀਆਂ/ਮੈਂਬਰਾਂ ਦੀ ਸੂਚੀ ਅਤੇ ਪ੍ਰੋਫਾਈਲ
- **12A /** ਸੋਸਾਇਟੀ ਐਕਟ ਦੇ ਤਹਿਤ ਰਜਿਸਟ੍ਰੇਸ਼ਨ ਦੀ ਕਾਪੀ
- ਆਡੀਟਰ ਦੀ ਰਿਪੋਰਟ / ਘੱਟੋ-ਘੱਟ ਪਿਛਲੇ ਦੋ ਸਾਲਾਂ ਲਈ ਖਾਤਿਆਂ ਦਾ ਆਡਿਟ ਕੀਤਾ ਸਟੇਟਮੈਂਟ
- ਸੰਸਥਾ ਦੇ ਪੈਨ ਦੀ ਕਾਪੀ
- ਪਿਛਲੀਆਂ ਜਾਂ ਮੌਜੂਦਾ ਕਲਾ ਸਿੱਖਿਆ ਗਤੀਵਿਧੀਆਂ ਦਾ ਵੇਰਵਾ**,** ਜੇਕਰ ਕੋਈ ਹੋਵੇ

ਜੇ ਸਕੂਲ ਮੁਕੰਮਲ ਪ੍ਰਸਤਾਵ ਭੇਜਣ ਤੋਂ ਪਹਿਲਾਂ ਹੀ ਪ੍ਰੋਜੈਕਟ ਤੇ ਵਿਚਾਰ ਕਰਨ ਲਈ ਗੱਲ ਬਾਤ ਕਰਨਾ ਚਾਹੁੰਦਾ ਹੋਵੇ ਤਾਂ ਇਸ ਲਈ **31 ਅਕਤੂਬਰ, 2026** ਤੋਂ ਪਹਿਲਾਂ deepak@indiaifa.org ਨੂੰ ਲਿਖ ਸਕਦੇ ਹੋ ਜਾਂ **9739175525** ਤੇ ਫੋਨ ਕਰ ਸਕਦੇ ਹੋ (ਸਵੇਰੇ **10** ਵਜੇ ਤੋਂ ਸ਼ਾਮ **5** ਵਜੇ ਵਿਚਕਾਰ)।

ਤੁਹਾਡੇ ਮੁਕੰਮਲ ਪ੍ਰਸਤਾਵ, ਅਪਣੇ ਸਾਰੇ ਸਹਾਇਕ ਦਸਤਾਵੇਜਾਂ ਸਮੇਤ, ਔਨਲਾਈਨ ਇਕ ਈਮੇਲ ਰਾਹੀਂ, ਈਮੇਲ **25 MB** ਤੋਂ ਵੱਧ ਨਾ ਹੋਵੇ, **deepak@indiaifa.org** ਨੂੰ **30 ਨਵੰਬਰ, 2026** ਤੱਕ ਪਹੁੰਚ ਜਾਣੇ ਚਾਹੀਦੇ ਹਨ।

ਧਿਆਨ ਰਹੇ ਕੇ ਅਧੂਰੇ ਪ੍ਰਸਤਾਵ ਅਤੇ ਅਜਿਹੇ ਜਿਨ੍ਹਾਂ ਵਿਚ ਅਰਜ਼ੀਕਾਰ ਯੋਗਤਾ ਦੇ ਦਾਇਰੇ ਤੋਂ ਬਾਹਰ ਹੋਣ, ਪ੍ਰਵਾਨ ਨਹੀਂ ਕੀਤੇ ਜਾਣਗੇ।

ਚੋਣ ਦਾ ਤਰੀਕਾ: ਸ਼ੌਰਟਲਿਸਟ ਕੀਤੇ ਪ੍ਰਸਤਾਵ ਬਾਹਰੀ ਪੈਨਲ ਵੱਲੋਂ ਵਾਚੇ ਜਾਣਗੇ ਅਤੇ ਅਰਜ਼ੀਕਾਰਾਂ ਨੂੰ ਪੈਨਲ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨ ਦੀ ਜ਼ਰੂਰਤ ਪੈ ਸਕਦੀ ਹੈ। ਚੋਣ ਲਈ ਆਈ.ਐਫ.ਏ. ਦਾ ਕੀਤਾ ਫੈਸਲਾ ਆਖ਼ਰੀ ਹੋਵੇਗਾ।

ਸਾਰੇ ਦੇ ਸਾਰੇ ਚੁਣੇ ਹੋਏ ਪ੍ਰੋਜੈਕਟ ਆਈ.ਐਫ.ਏ. ਵੱਲੋਂ ਲਾਗੂ ਕੀਤੇ ਜਾਣਗੇ।

ਮੁੱਖ ਤਰੀਕਾਂ:

- ਪ੍ਰੋਜੈਕਟ ਦੇ ਬਾਰੇ ਵਿਚਾਰ ਕਰਨ ਜਾਂ ਸਵਾਲ ਪੁੱਛਣ ਦੀ ਆਖਰੀ ਤਰੀਕ: **31 ਅਕਤੂਬਰ, 2026**
- ਮੁਕੰਮਲ ਪ੍ਰਸਤਾਵ ਦੀ ਆਖਰੀ ਤਰੀਕ: **30 ਨਵੰਬਰ, 2026**
- ਅਮਲ ਵਿਚ ਲਿਆਂਦੇ ਜਾਣ ਲਈ ਚੁਣੇ ਗਏ ਪ੍ਰੋਜੈਕਟਾਂ ਦਾ ਐਲਾਨ **ਜਨਵਰੀ 2027** ਵਿਚ ਕੀਤਾ ਜਾਵੇਗਾ।

ਯਾਦ ਰਹੇ ਕਿ ਆਈ.ਐਫ.ਏ. ਇਕ ਸੁਰੱਖਿਅਤ ਮਹੌਲ਼ ਸਿਰਜਣ ਲਈ ਵਚਨਬੱਧ ਹੈ ਜਿਸ ਵਿਚ ਬਾਲ ਬੱਚਿਆਂ ਸਮੇਤ ਹਰੇਕ ਦੀ ਸੁਰੱਖਿਆ, ਦੇਖਭਾਲ਼ ਅਤੇ ਇੱਜ਼ਤ ਹੋਵੇ। ਅਰਜ਼ੀਕਾਰ ਇਸ ਵਚਨਬੱਧਤਾ ਦਾ ਧਾਰਨੀ ਹੋਵੇ ਅਤੇ ਹਰ ਵੇਲ਼ੇ ਇਸ ਦੀ ਪੈਰਵਾਈ ਕਰੇ।